# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)


ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| ਟੈਲੀਫੋਨ | ਫੈਕਸ | ਈ-ਮੇਲ |
|---|---|---|
| 0172-5015807 | 2624687 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ)
ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ)
ਪੰਜਾਬ।

ਮੀਮੋ ਨੰ: ਸਸਅ/STR/2012-13/078630
ਮਿੱਤੀ 30/04/12 ਚੰਡੀਗੜ੍ਹ:

**ਵਿਸ਼ਾ: – ਸਾਲ 2012–13 ਦੌਰਾਨ ਸਕੂਲੋਂ ਵਿਰਵੇ ਬੱਚਿਆਂ ਲਈ ਗੈਰ ਰਿਹਾਇਸ਼ੀ ਸ਼ਪੈਸ਼ਲ ਟ੍ਰੇਨਿੰਗ ਕੇਂਦਰ ਖੋਲਣ ਸਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ।

2.0 ਸਾਲ 2012–13 ਲਈ ਪ੍ਰਵਾਨ ਹੋਈ ਸਲਾਨਾ ਯੋਜਨਾ ਅਨੁਸਾਰ ਰਾਜ ਵਿਚ ਸ਼ਨਾਖਤ ਕੀਤੇ ਗਏ 6–7 ਸਾਲ ਦੇ 2584 ਸਕੂਲੋਂ ਵਿਰਵੇਂ ਬੱਚਿਆਂ ਨੂੰ ਸਿੱਧੇ ਸਕੂਲਾਂ ਵਿੱਚ ਭਰਤੀ ਕਰਵਾਇਆ ਜਾਵੇ।7 ਤੋਂ 14 ਸਾਲ ਦੇ ਸਕੂਲੋਂ ਵਿਰਵੇ 13958 ਬੱਚਿਆਂ ਲਈ 1400 ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ (Special Training Centres) ਪਹਿਲਾਂ ਵਾਗ ਹੀ, ਸਰਕਾਰੀ ਸਕੂਲਾਂ ਵਿਚ ਹੀ, ਖੋਲ੍ਹੇ ਜਾਣੇ ਹਨ।6–14 ਸਾਲ ਦੀ ਉਮਰ ਦੇ ਵਿਸ਼ੇਸ਼ ਲੋੜਾਂ ਵਾਲੇ ਬੱਚਿਆਂ (696) ਨੂੰ IED ਤਹਿਤ ਕਵਰ ਕੀਤਾ ਜਾਵੇ। ਉਮਰ ਗੁੱਟ ਮੁਤਾਬਿਕ ਜ਼ਿਲ੍ਹਾਵਾਰ ਸ਼ਨਾਖਤ ਕੀਤੇ ਸਕੂਲੋਂ ਵਿਰਵੇ ਬੱਚਿਆਂ ਦਾ ਭੋਤਿਕ ਅਤੇ ਵਿੱਤੀ ਵੇਰਵਾ ਪੱਤਰ ਨਾਲ ਨੱਥੀ ਅਨੁਲਗ 'ੳ' ਅਨੁਸਾਰ ਹੈ।

3.0 ਇਹਨਾਂ ਕੇਂਦਰਾਂ ਨੂੰ ਖੋਲਣ ਲਈ ਅਤੇ ਇਹਨਾਂ ਕੇਂਦਰਾਂ ਰਾਹੀਂ ਸਕੂ਼ਲੋਂ ਵਿਰਵੇ ਬੱਚਿਆਂ ਨੂੰ ਵੱਖ-ਵੱਖ ਗਤੀਵਿਧੀਆਂ ਕਰਵਾਉਣ ਤੇ ਸਿੱਖਿਆ ਦੀ ਮੁੱਖ ਧਾਰਾ ਨਾਲ ਜੋੜਨ ਲਈ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:-

## I. ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਖੋਲ੍ਹਣ ਸਬੰਧੀ

- ਸਾਲ 2012–13 ਲਈ ਪ੍ਰਵਾਨ ਹੋਈ ਸਲਾਨਾ ਯੋਜਨਾ ਅਨੁਸਾਰ 7 ਤੋਂ 14 ਸਾਲ ਦੀ ਉਮਰ ਦੇ ਸਕੂਲੋਂ ਵਿਰਵੇ ਬੱਚਿਆਂ ਨੂੰ ਉਹਨਾ ਦੀ ਉਮਰ ਅਤੇ ਮਾਨਸਿਕ ਪੱਧਰ ਅਨੁਸਾਰ ਰੈਗੂਲਰ ਸਕੂਲ ਲਈ ਤਿਆਰ ਕਰਨ ਲਈ ਮਾਰਚ 31.03.2013 ਤੱਕ ਸਪੈਸ਼ਲ ਟ੍ਰੇਨਿੰਗ ਕੇਂਦਰ ਚਲਾਏ ਜਾਣੇ ਹਨ। ਇਹ ਕੇਂਦਰ ਮਿਤੀ 01/05/2012 ਤੋਂ ਸਰਕਾਰੀ ਸਕੂ਼ਲਾਂ ਦੇ ਵਿਚ ਹੀ ਰੈਗੂਲਰ ਸਕੂਲ ਸਟਾਫ ਦੀ ਨਿਗਰਾਨੀ ਹੇਠ ਖੋਲੇ ਜਾਣਗੇ।

- ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਖੋਲਣ, ਕੇਂਦਰ ਵਿਚ ਸਪੈਸ਼ਲ ਟ੍ਰੇਨਰ ਨਿਯੁਕਤ ਕਰਨ ਅਤੇ ਸਮੂਹ ਸਕੂਲੋਂ ਵਿਰਵੇ ਬੱਚਿਆਂ ਨੂੰ ਕੇਂਦਰ ਵਿਚ ਦਾਖਲ ਕਰਨ ਦਾ ਸਾਰਾ ਕੰਮ ਮਿਤੀ 30/04/2012 ਤੱਕ ਪੂਰਾ ਕੀਤਾ ਜਾਵੇ।
- ਇਹਨਾਂ ਕੇਂਦਰਾਂ ਵਿਚ ਦਾਖਲ ਕੀਤੇ ਜਾਣ ਵਾਲੇ 7 ਤੋਂ 14 ਸਾਲ ਦੀ ਉਮਰ ਦੇ ਸਕੂਲੋਂ ਵਿਰਵੇ ਬੱਚਿਆ ਲਈ ਉਹਨਾਂ ਦੇ ਮਾਨਸਿਕ ਪੱਧਰ ਅਨੁਸਾਰ ਸਪੈਸ਼ਲ ਟ੍ਰੇਨਿੰਗ ਦਿੱਤੀ ਜਾਵੇਗੀ। ਸਪੈਸ਼ਲ ਟ੍ਰੇਨਿੰਗ ਮਟੀਰੀਅਲ (ਬ੍ਰਿਜ ਕੋਰਸ) ਦਾ ਵੇਰਵਾ ਹੇਠ ਅਨੁਸਾਰ ਹੋਵੇਗਾ।

i) ਸਪੈਸ਼ਲ ਟ੍ਰੇਨਿੰਗ ਮਟੀਰੀਅਲ-1: (ਬ੍ਰਿਜ ਕੋਰਸ-1)ਅਜਿਹੇ 7 ਤੋਂ 14 ਸਾਲ ਦੀ ਉਮਰ ਦੇ ਬੱਚੇ ਜਿਨ੍ਹਾ ਦਾ ਮਾਨਸਿਕ ਪੱਧਰ ਜਮਾਤ ਪਹਿਲੀ ਅਤੇ ਦੂਸਰੀ ਦੇ ਬਰਾਬਰ ਹੈ, ਉਹਨਾ ਨੂੰ ਤੀਸਰੀ ਜਮਾਤ ਵਾਸਤੇ ਤਿਆਰ ਕਰਨ ਲਈ।

ii) ਸਪੈਸ਼ਲ ਟ੍ਰੇਨਿੰਗ ਮਟੀਰੀਅਲ -2: (ਬ੍ਰਿਜ ਕੋਰਸ-2)ਅਜਿਹੇ 7 ਤੋਂ 14 ਸਾਲ ਦੀ ਉਮਰ ਦੇ ਬੱਚੇ ਜਿਨ੍ਹਾ ਦਾ ਮਾਨਸਿਕ ਪੱਧਰ ਜਮਾਤ ਤੀਜੀ ਅਤੇ ਚੌਥੀ ਦੇ ਬਰਾਬਰ ਹੈ, ਉਹਨਾ ਨੂੰ ਪੰਜਵੀ ਜਮਾਤ ਵਾਸਤੇ ਤਿਆਰ ਕਰਨ ਲਈ।

iii) ਸਪੈਸ਼ਲ ਟ੍ਰੇਨਿੰਗ ਮਟੀਰੀਅਲ-3: (ਬ੍ਰਿਜ ਕੋਰਸ-3)ਅਜਿਹੇ 7 ਤੋਂ 14 ਸਾਲ ਦੇ ਉਮਰ ਦੇ ਬੱਚੇ ਜਿਨ੍ਹਾ ਦਾ ਮਾਨਸਿਕ ਪੱਧਰ ਜਮਾਤ ਛੇਵੀਂ ਅਤੇ ਸੱਤਵੀਂ ਦੇ ਬਰਾਬਰ ਹੈ, ਉਹਨਾ ਨੂੰ ਅੱਠਵੀ ਜਮਾਤ ਵਾਸਤੇ ਤਿਆਰ ਕਰਨ ਲਈ।

- ਭਾਵੇਂ ਕਿ ਹਰ ਸਪੈਸ਼ਲ ਟ੍ਰੇਨਿੰਗ ਕੇਂਦਰ 1 ਮਈ 2012 ਤੋਂ ਸ਼ੁਰੂ ਕਰਕੇ ਮਾਰਚ 2013 ਤੱਕ ਚਲਾਇਆ ਜਾਵੇਗਾ, ਪਰ ਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ ਕਿ ਜਿਵੇਂ ਹੀ ਬੱਚਾ ਆਪਣੀ ਉਮਰ ਅਤੇ ਮਾਨਸਿਕ ਪੱਧਰ ਮੁਤਾਬਕ ਯੋਗ ਜਮਾਤ ਲਈ ਤਿਆਰ ਹੋ ਜਾਂਦਾ ਹੈ ਉਸਨੂੰ ਰੈਗੂਲਰ ਕਲਾਸ ਵਿਚ ਮੇਨਸਟਰੀਮ ਕਰਵਾ ਦਿੱਤਾ ਜਾਵੇ। ਮਿਸਾਲ ਦੇ ਤੌਰ ਤੇ ਕੋਈ ਬੱਚਾ ਦੋ ਮਹੀਨੇ ਵਿਚ ਹੀ ਮੇਨਸਟਰੀਮ ਹੋਣ ਦੇ ਯੋਗ ਹੋ ਸਕਦਾ ਹੈ ਅਤੇ ਕਿਸੇ ਹੋਰ ਬੱਚੇ ਨੂੰ ਛੇ, ਅੱਠ, ਦੱਸ ਮਹੀਨੇ ਜਾਂ ਇਸ ਤੋਂ ਵੱਧ ਸਮਾਂ ਵੀ ਲੱਗ ਸਕਦਾ ਹੈ।
- ਕੇਂਦਰ ਨੂੰ ਚਾਲੂ ਰੱਖਣ ਲਈ ਘੱਟ ਤੋਂ ਘੱਟ 10 ਬੱਚਿਆਂ ਲਈ ਇੱਕ ਸਪੈਸ਼ਲ ਟ੍ਰੇਨਿੰਗ ਕੇਂਦਰ ਖੋਲਿਆ ਜਾਵੇਗਾ। ਹਰ ਕੇਂਦਰ ਵਿਚ ਇੱਕ ਸਪੈਸ਼ਲ ਟ੍ਰੇਨਰ ਰੱਖਿਆ ਜਾਵੇਗਾ।
- ਸਪੈਸ਼ਲ ਟ੍ਰੇਨਿੰਗ ਕੇਂਦਰ ਵਿਚ ਪੜ੍ਹਦੇ ਸਮੂਹ ਬੱਚਿਆਂ ਨੂੰ ਦੁਪਹਿਰ ਦਾ ਖਾਣਾ ਸਬੰਧਤ ਐਸ.ਐਮ.ਸੀ ਰਾਹੀ ਮੁੱਹਈਆ ਕਰਵਾਇਆ ਜਾਵੇਗਾ।

## II. <u>ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਵਿਚ ਤਾਇਨਾਤ ਕੀਤੇ ਜਾਣ ਵਾਲੇ ਸਪੈਸ਼ਲ ਟ੍ਰੇਨਰ ਦੀ ਨਿਯੁਕਤੀ ਪ੍ਰਕ੍ਰਿਆ, ਮਾਣਭਤੇ ਅਤੇ ਟ੍ਰੇਨਿੰਗ ਸਬੰਧੀ ।</u>

- ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਲਈ, ਸਪੈਸ਼ਲ ਟ੍ਰੇਨਰ ਦੀ ਚੋਣ 2011-12 ਦੋਰਾਣ ਤਾਇਨਾਤ ਕੀਤੇ ਗਏ ਸਪੈਸ਼ਲ ਟ੍ਰੇਨਰਜ਼ ਵਿੱਚੋਂ ਹੀ ਮੈਰਿਟ ਦੇ ਅਧਾਰ ਤੇ, ਉਨ੍ਹਾਂ ਦਾ ਤਜ਼ਰਬਾ ਅਤੇ ਆਚਰਨ ਨੂੰ ਧਿਆਨ ਵਿੱਚ ਰੱਖਦਿਆਂ ਹੋਇਆ, ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ)ਵੱਲੋਂ ਮੁੱਖ ਦਫਤਰ ਭੇਜੀਆਂ ਗਈਆਂ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ।

- 10 ਬੱਚਿਆਂ ਦੀ ਗਿਣਤੀ ਵਾਲੇ ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰਾਂ ਦੇ ਸਪੈਸ਼ਲ ਟ੍ਰੇਨਰ ਨੂੰ ਬਝਵਾਂ ਮਾਣਭੱਤਾ 3500 ਰੁਪਏ (ਕੇਵਲ ਪੈਂਤੀ ਸੌ ਰੁਪਏ) ਪ੍ਰਤੀ ਮਹੀਨਾ ਦਿੱਤਾ ਜਾਵੇਗਾ। ਕੇਂਦਰ ਨੂੰ ਚਾਲੂ ਰੱਖਣ ਲਈ ਵੀ ਘੱਟੋ-ਘੱਟ 10 ਸਕੂਲੋਂ ਵਿਰਵੇਂ ਬੱਚਿਆਂ ਦਾ ਹੋਣਾ ਜ਼ਰੂਰੀ ਹੈ। ਇਸ ਮਾਣਭੱਤੇ ਵਿਚੋਂ 25% ਰਾਖਵਾਂ ਰੱਖਿਆ ਜਾਵੇਗਾ, ਜੋ ਕਿ ਸੈਸ਼ਨ ਖਤਮ ਹੋਣ ਉਪਰੰਤ, ਬੱਚਿਆਂ ਨੂੰ ਮੇਨਸਟਰੀਮ ਭਾਵ ਸਕੂਲਾਂ ਵਿਚ ਦਾਖਲ ਕਰਵਾਉਣ ਤੋਂ ਬਾਅਦ ਅਤੇ ਸਬੰਧਤ ਡੀ.ਆਰ.ਪੀ/ਬੀ.ਆਰ.ਪੀ ਦੇ ਵੈਰੀਫਿਕੇਸ਼ਨ ਕਰਨ ਉਪਰੰਤ ਹੀ ਸਪੈਸ਼ਲ ਟ੍ਰੇਨਰ ਨੂੰ ਅਦਾ ਕੀਤਾ ਜਾਵੇਗਾ।
- ਸਮੂਹ ਸਪੈਸ਼ਲ ਟ੍ਰੇਨਰਜ਼ ਨੂੰ, ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਸੈਂਟਰ ਚਲਾਉਣ ਹਿੱਤ ਪੰਜ਼ ਦਿਨਾਂ ਦੀ ਟ੍ਰੇਨਿੰਗ ਦਿੱਤੀ ਜਾਵੇਗੀ।ਇਹ ਟ੍ਰੇਨਿੰਗ ਜਿਲ੍ਹਾ ਪੱਧਰ ਤੇ ਮੁੱਖ ਦਫਤਰ ਵੱਲੋਂ ਟ੍ਰੇਨਡ ਰਿਸੋਰਸ ਪਰਸਨਜ਼ ਵੱਲੋਂ ਦਿੱਤੀ ਜਾਵੇਗੀ।

**III. <u>ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰਾਂ ਦੇ ਬੱਚਿਆਂ ਦੇ ਮੁਲਾਂਕਣ ਬਾਰੇ।</u>**

- ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਵਿਚ ਦਾਖਲ ਕੀਤੇ ਬੱਚਿਆਂ ਨੂੰ ਉਹਨਾ ਦੀ ਉਮਰ ਗੁੱਟ ਅਤੇ ਮਾਨਸਿਕ ਪੱਧਰ ਅਨੁਸਾਰ ਸਪੈਸ਼ਲ ਟ੍ਰੇਨਿੰਗ(ਬ੍ਰਿਜ ਕੋਰਸ) 1, 2 ਅਤੇ 3 ਮਾਰਚ 31.03.2013 ਤੱਕ ਪੂਰਾ ਕਰਵਾਇਆ ਜਾਵੇਗਾ। ਸਪੈਸ਼ਲ ਟ੍ਰੇਨਿੰਗ ਪੂਰੀ ਹੋਣ ਤੇ, ਇਹਨਾ ਬੱਚਿਆਂ ਨੂੰ ,ਇਹਨਾ ਦੀ ਰਿਹਾਇਸ਼ ਦੇ ਨੇੜਲੇ ਫਾਰਮਲ ਰੈਗੂਲਰ ਸਕੂਲ ਵਿਚ ਮਾਨਸਿਕ ਪੱਧਰ ਅਨੁਸਾਰ ਯੋਗ ਜਮਾਤ ਵਿਚ ਦਾਖਲ ਕਰਵਾਇਆ ਜਾਵੇਗਾ।
- ਸਪੈਸ਼ਲ ਟ੍ਰੇਨਿੰਗ ਦੇ ਦੋਰਾਣ, ਸਪੈਸ਼ਲ ਟ੍ਰੇਨਰ ਵੱਲੋਂ ਹੀ ਮਹੀਨਾਵਾਰ ਬੱਚਿਆਂ ਦਾ ਮੁਲਾਂਕਣ ਕੀਤਾ ਜਾਵੇਗਾ ਅਤੇ ਇਸ ਦੀ ਰਿਪੋਰਟ ਸਬੰਧਤ ਜਿਲ੍ਹਾ ਸਿੱਖਿਆ ਅਫਸਰ(ਐ.ਸਿ) ਰਾਹੀਂ, ਮੁੱਖ ਦਫਤਰ ਨੂੰ ਭੇਜੀ ਜਾਵੇਗੀ।
- ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਨੂੰ ਉਪਰੋਕਤ ਦੱਸੇ ਗਏ ਦਿਸ਼ਾ ਨਿਰਦੇਸ਼ ਅਨੁਸਾਰ ਹੀ ਚਲਾਇਆ ਜਾਵੇਗਾ।
- ਸਪੈਸ਼ਲ ਟ੍ਰੇਨਿੰਗ ਉਪਰੰਤ, ਬੱਚਿਆਂ ਨੂੰ ਫਾਰਮਲ ਸਕੂਲ ਵਿਚ ਦਾਖਲ ਕਰਵਾਉਣ ਅਤੇ ਉਹਨਾਂ ਦੀ ਮੋਨੀਟਿਰਿੰਗ ਦੀ ਸਮੁੱਚੀ ਜਿਮੇਂਵਾਰੀ ਜ਼ਿਲ੍ਹੇ ਦੇ ਸਪੈਸ਼ਲ ਟ੍ਰੇਨਿੰਗ ਕੋਆਡੀਨੇਟਰ/ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿੱ) ਦੀ ਹੋਵੇਗੀ।

**IV. <u>ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਦੇ ਕੰਮ-ਕਾਜ ਦੇ ਨਿਰੀਖਣ ਅਤੇ ਰਿਵਿਯੂ ਬਾਰੇ।</u>**

- ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰਾਂ ਦੇ ਕੰਮ-ਕਾਜ ਦਾ ਨਿਰੀਖਣ ਸੰਬਧਤ ਬੀ.ਆਰ.ਪੀ ਵਲੋਂ ਹਰ ਹਫਤੇ ਕੀਤਾ ਜਾਵੇਗਾ।
- ਸਪੈਸ਼ਲ ਟ੍ਰੇਨਰਜ਼ ਦੀ ਮਹੀਨਾਵਾਰ ਰਿਵਿਊ ਮੀਟਿੰਗ ਸਬੰਧਤ ਡੀ.ਆਰ.ਪੀ/ ਬੀ.ਆਰ.ਪੀ ਵਲੋਂ ਮਹੀਨੇ ਦੇ ਹਰ ਆਖਰੀ ਸੋਮਵਾਰ ਬੀ.ਆਰ.ਸੀ ਵਿਖੇ ਕੀਤੀ ਜਾਵੇਗੀ। ਇਹਨਾਂ ਸਪੈਸ਼ਲ ਟ੍ਰੇਨਰਜ਼ ਨੂੰ ਮੀਟਿੰਗ ਵਿਚ ਭਾਗ ਲੈਣ ਲਈ ਨਿਯਮਾਂ

ਅਨੁਸਾਰ ਟੀ.ਏ(ਅਸਲ ਬੱਸ ਕਿਰਾਇਆ) ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਮੱਦ ਦੇ ਫੰਡਾਂ ਵਿਚੋਂ ਦਿੱਤਾ ਜਾਵੇਗਾ।

- ਸਪੈਸ਼ਲ ਟ੍ਰੇਨਰ ਦੀ ਕਾਰਗੁਜ਼ਾਰੀ, ਸਮੇਂ-ਸਮੇਂ ਤੇ ਜਿਲ੍ਹਾ ਸਿੱਖਿਆ ਅਫਸਰ(ਐ.ਸਿ)/ਸਬੰਧਤ ਬੀ.ਪੀ.ਈ.ਓ/ ਬੀ.ਆਰ.ਪੀਜ਼/ਸੀ.ਐਮ.ਟੀਜ਼ ਵਲੋਂ ਚੈਕ ਕੀਤੀ ਜਾਵੇਗੀ। ।
- ਕੰਮ-ਕਾਜ ਤਸਲੀਬਖਸ਼ ਨਾ ਹੋਣ ਦੀ ਸੂਰਤ ਵਿਚ, ਕਿਸੇ ਵੀ ਸਮੇਂ ,ਬਿਨ੍ਹਾ ਕਿਸੇ ਨੋਟਿਸ ਤੋਂ ਸਪੈਸ਼ਲ ਟ੍ਰੇਨਰ ਨੂੰ ਡਿਊਟੀ ਤੋ ਫਾਰਗ ਕੀਤਾ ਜਾ ਸਕਦਾ ਹੈ।
- ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਦੀ, ਸਮੁਚੀ ਕਾਰ-ਗੁਜ਼ਾਰੀ ਸਬੰਧਤ ਸਕੂਲ ਮੁਖੀ ਦੀ ਦੇਖ-ਰੇਖ ਵਿਚ ਕੀਤੀ ਜਾਵੇਗੀ।ਕੇਂਦਰ ਵਿਚ ਬੱਚਿਆਂ ਅਤੇ ਸਪੈਸ਼ਲ ਟ੍ਰੇਨਰ ਦੀ ਹਾਜ਼ਰੀ, ਪੜ੍ਹਨ-ਪੜ੍ਹਾਉਣ ਦੀ ਗਤੀਵਿਧੀ ਅਤੇ ਬੱਚਿਆਂ ਨੂੰ ਦਿੱਤੀਆਂ ਜਾਣ ਵਾਲੀਆਂ ਵਿੱਦਿਅਕ ਅਤੇ ਨਿਜੀ ਸਹੂਲਤਾਂ ਵੇਲੇ ਸਿਰ ਮੁੱਹਈਆ ਕਰਵਾਉਣ ਦੀ ਸਮੁਚੀ ਜਿੰਮੇਵਾਰੀ, ਸਬੰਧਤ ਸਕੂਲ ਮੁਖੀ/ਇੰਚਾਰਜ/ਅਧਿਆਪਕ ਦੀ ਹੋਵੇਗੀ।ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰਾਂ ਦੇ ਬੱਚਿਆਂ ਦੀ ਹਾਜ਼ਰੀ ਰੋਜ਼ਾਨਾ ਸਕੂਲ ਮੁੱਖੀ ਅਧਿਆਪਕ ਵੱਲੋਂ ਤਸਦੀਕ ਕੀਤੀ ਜਾਵੇਗੀ।

**V.**1) **ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਮੱਦ ਅਧੀਨ ਗਤੀਵਿਧੀਆਂ ਅਨੁਸਾਰ ਫੰਡਾਂ ਦੀ ਵਰਤੋ ਹੇਠ ਅਨੁਸਾਰ ਕੀਤੀ ਜਾ ਸਕਦੀ ਹੈ: –**

| ਲੜੀ ਨੰ: | ਗਤੀਵਿਧੀਆਂ | ਗਤੀਵਿਧੀਆਂ ਦਾ ਖਰਚਾ | ਵਿਸ਼ੇਸ਼ ਕੱਥਨ |
|---|---|---|---|
| 1. | ਸਪੈਸ਼ਲ ਟ੍ਰੇਨਰਜ਼ ਦਾ ਮਾਨਭੱਤਾ | @ Rs. 3500/- ਪ੍ਰਤੀ ਸਪੈਸ਼ਲ ਟ੍ਰੇਨਰ | ਬੀ.ਪੀ.ਈ.ਓ. ਵੱਲੋਂ ਚੈਕ ਰਾਹੀਂ ਦਿੱਤਾ ਜਾਵੇਗਾ। |
| 2. | ਪਾਠ ਪੁਸਤਕਾਂ (ਸਪੈਸ਼ਲ ਟ੍ਰੇਨਿੰਗ ਮਟੀਰੀਅਲ-1, 2 ਅਤੇ 3) | @ Rs. 150/- ਪ੍ਰਤੀ ਬੱਚਾ ਮੁੱਖ ਦਫਤਰ ਵਿੱਚ ਰੱਖਿਆ ਜਾਵੇਗਾ। | ਮੁੱਖ ਦਫਤਰ ਵਲੋਂ ਮੁੱਹਈਆਂ ਕਰਵਾਈਆਂ ਜਾਣਗੀਆਂ। |
| 3. | ਸਟੇਸ਼ਨਰੀ (5 ਕਾਪੀਆਂ, 2 ਪੈਨ, 2 ਪੈਂਸਿਲ, 2 ਰੱਬੜ, ਸ਼ਾਰਪਨਰ, ਸਲੇਟ ਅਤੇ ਸਲੇਟੀ) | @ Rs. 50/- ਪ੍ਰਤੀ ਬੱਚਾ (ਮਈ, ਅਗਸਤ, ਅਕਤੂਬਰ, ਦਸੰਬਰ ਅਤੇ ਫਰਵਰੀ) | ਐਸ.ਐਮ.ਸੀ ਪੱਧਰ ਤੇ |
| 4. | 7 ਤੋਂ 14 ਦੇ ਬੱਚਿਆਂ ਲਈ ਫੋਟੋ ਅਤੇ ਦਾਖਲਾ ਫਾਰਮ | @ Rs. 10/- ਪ੍ਰਤੀ ਬੱਚਾ ਪ੍ਰਤੀ ਸਾਲ ਇੱਕ ਵਾਰ | ਐਸ.ਐਮ.ਸੀ ਪੱਧਰ ਤੇ |
| 5. | ਟੀ.ਐਲ.ਐਮ (ਮੁਹਾਰਨੀ ਚਾਰਟ, ਪਹਾੜਿਆਂ ਦਾ ਚਾਰਟ, ਫਲਾਂ, ਸਬਜ਼ੀਆਂ, ਜਾਨਵਰਾਂ, ਸ਼ਰੀਰ ਦੇ ਅੰਗਾਂ, ਐਲਫਾਬੈਟਜ਼ ਅਤੇ ਰਾਸ਼ਟਰ ਗਾਣ ਆਦਿ) | @ Rs. 500/- ਪ੍ਰਤੀ ਕੇਂਦਰ ਇੱਕ ਵਾਰ | ਐਸ.ਐਮ.ਸੀ ਪੱਧਰ ਤੇ |
| 6. | ਕੰਨਟੇਜੈਂਸੀ/ਕੇਂਦਰ ਗ੍ਰਾਂਟ (ਲੋੜ ਅਨੁਸਾਰ) | @ Rs. 2000/- ਪ੍ਰਤੀ ਕੇਂਦਰ ਇੱਕ ਵਾਰ | ਐਸ.ਐਮ.ਸੀ ਪੱਧਰ ਤੇ |
| 7. | ਸਪਸ਼ੈਲ ਟ੍ਰੇਨਰਜ਼ ਦੀ ਗੈਰ ਰਿਹਾਇਸ਼ੀ ਟ੍ਰੇਨਿੰਗ | @ Rs. 100/- ਪ੍ਰਤੀ ਟ੍ਰੇਨਰ ਪ੍ਰਤੀ ਦਿਨ | ਡਾਇਟ/ਜੀ.ਆਈ.ਐਸ.ਟੀ.ਸੀ/ਬ ੀ.ਐਮ.ਟੀਜ਼/ ਡੀ.ਐਮ.ਟੀਜ਼/ਸੀ.ਐਮ.ਟੀਜ਼ |
| 8. | ਐਕਸਪੋਜ਼ਰ ਵਿਜ਼ਟ | @ Rs-250/- ਪ੍ਰਤੀ ਬੱਚਾ (ਕੇਵਲ ਇੱਕ ਵਾਰ) | ਇਸ ਸਬੰਧੀ ਵਿਸਥਾਰ ਪੂਰਵਕ ਦਿਸ਼ਾ ਨਿਰਦੇਸ਼ ਮੁੱਖ ਦਫ਼ਤਰ ਵਲੋਂ ਬਾਅਦ ਵਿਚ ਜਾਰੀ ਕੀਤੇ ਜਾਣਗੇ |
| 9. | ਯੂਨੀਫਾਰਮ | @ Rs. 400/- ਪ੍ਰਤੀ ਬੱਚਾ(ਕੇਵਲ ਇੱਕ ਵਾਰ) | ਐਸ.ਐਮ.ਸੀ ਪੱਧਰ ਤੇ ਅਤੇ ਇਸ ਸਬੰਧੀ ਵਿਸਥਾਰ ਪੂਰਵਕ ਦਿਸ਼ਾ ਨਿਰਦੇਸ਼ ਮੁੱਖ ਦਫ਼ਤਰ ਵਲੋਂ ਬਾਅਦ ਵਿਚ ਜਾਰੀ ਕੀਤੇ ਜਾਣਗੇ |

- ਅਜਿਹੇ ਬੱਚੇ ਜੋ ਕੁੱਝ ਖਾਸ ਕਾਰਣਾ ਕਰਕੇ (ਜਿਵੇਂ ਕਿ ਸਰੀਰਕ ਅਪੰਗਤਾ ਜਾਂ ਸਪੈਸ਼ਲ ਟ੍ਰੇਨਿੰਗ ਸੈਂਟਰ ਤੋਂ ਘਰ ਤੱਕ ਦਾ ਫਾਸਲਾਂ 2 ਤੋਂ 2½ ਕਿ.ਮੀ. ਤੋਂ ਜਿਆਦਾ ਹੋਵੇ) ਕੇਂਦਰ ਵਿਚ ਆਉਣ ਤੋਂ ਅਸਮਰੱਥ ਹੋਣ, ਉਹਨਾਂ ਲਈ ਟ੍ਰਾਂਸਪੋਰਟੇਸ਼ਨ ਦੀ ਸੁਵਿਧਾ ਮੁਹੱਈਆ ਕਰਵਾਈ ਜਾਵੇਗੀ। ਇਸ ਸਬੰਧੀ, ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿ) ਵੱਲੋਂ ਮੁੱਖ ਦਫਤਰ ਤੋਂ ਪ੍ਰਵਾਨਗੀ ਲੈਣੀ ਲਾਜ਼ਮੀ ਹੋਵੇਗੀ।

**VI.** **ਚਾਇਲਡ ਟਰੈਕਿੰਗ ਦੇ ਕੰਮ-ਕਾਜ ਬਾਰੇ।**

ਸਾਲ 2011-12 ਦੌਰਾਣ ਸ਼ਨਾਖਤ ਕੀਤੇ ਸਮੂਹ ਸਕੂਲੋਂ ਵਿਰਵੇ ਬੱਚਿਆਂ ਨੂੰ ਸਕੂਲਾਂ ਅਤੇ ਸਪੈਸ਼ਲ ਟ੍ਰੇਨਿੰਗ ਸੈਂਟਰਜ਼ ਵਿੱਚ ਦਾਖਲ ਕਰਵਾ ਕੇ ਇਹਨਾ ਦਾ ਰੈਗੂਲਰ ਟਰੈਕ ਰੱਖਣ ਦੀ ਜੁੰਮੇਵਾਰੀ ਸਬੰਧਤ ਬੀ.ਆਰ.ਪੀ/ਡੀ.ਆਰ.ਪੀ ਅਤੇ ਜ਼ਿਲ੍ਹਾਂ ਸਿੱਖਿਆ ਅਫ਼ਸਰ(ਐ.ਸਿ) ਦੀ ਹੋਵੇਗੀ।

4.0 ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਕੇਂਦਰ ਦੀ ਉਪਰੋਕਤ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਾਰਗੁਜ਼ਾਰੀ ਯਕੀਨੀ ਬਣਾਈ ਜਾਵੇ।

*-ਸਹੀ-*
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

**ਪਿੱਠ ਅੰਕਣ ਨੰ:** ਸਸਅ/STR/2012-13/ **078633** ਮਿਤੀ 30/04/12
ਚੰਡੀਗੜ੍ਹ:

ਉਪਰੋਕਤ ਦਾ ਉਤਾਰਾ ਹੇਠ ਲਿੱਖਿਆ ਨੂੰ ਭੇਜਿਆ ਜਾਂਦਾ ਹੈ :-

1) ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਪੰਜਾਬ।
2) ਸਮੂਹ ਜ਼ਿਲ੍ਹਾ ਸਪੈਸ਼ਲ ਟ੍ਰੇਨਿੰਗ ਅਤੇ ਸਹਾਇਕ ਸਪੈਸ਼ਲ ਟ੍ਰੇਨਿੰਗ ਕੋਆਰਡੀਨੇਟਰ

*-ਸਹੀ-*
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ।**

# ਅਨੁਲੱਗ 'ੳ'

| ਲੜੀ ਨੰ: | ਜਿਲ੍ਹਾ | **6-7** ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਦੀ ਸਿੱਧੀ ਭਰਤੀ ਦੀ ਗਿਣਤੀ | ਸਾਲ 2012-13 ਦੌਰਾਣ ਗੈਰ ਰਿਹਾਇਸ਼ੀ ਸਪੈਸ਼ਲ ਟ੍ਰੇਨਿੰਗ ਵਾਲੇ 7-14 ਸਾਲ ਦੇ ਸਕੂਲੋਂ ਵਿਰਵੇਂ ਬੱਚਿਆਂ ਦਾ ਭੌਤਿਕ ਅਤੇ ਵਿੱਤੀ ਵੇਰਵਾ | | | | **IED** ਤਹਿਤ ਕਵਰ ਕੀਤੇ ਜਾਣ ਵਾਲੇ 6-14 ਸਾਲ ਦੇ ਵਿਸ਼ੇਸ਼ ਜਰੂਰਤਾਂ ਵਾਲੇ ਸਕੂਲੋਂ ਵਿਰਵੇ ਬੱਚਿਆਂ ਦੀ ਗਿਣਤੀ |
|---|---|---|---|---|---|---|---|
| | | | ਕਵਰ ਕੀਤੇ ਜਾਣ ਵਾਲੇ ਸਕੂਲੋਂ ਵਿਰਵੇਂ ਬੱਚਿਆਂ ਦੀ ਗਿਣਤੀ | ਖੋਲ੍ਹੇ ਜਾਣ ਵਾਲੇ ਕੇਂਦਰਾਂ ਦੀ ਗਿਣਤੀ | ਤਾਇਨਾਤ ਕੀਤੇ ਜਾਣ ਵਾਲੇ ਸਪੈਸ਼ਲ ਟ੍ਰੇਨਜ਼ ਦੀ ਗਿਣਤੀ | ਪ੍ਰਪੋਜ਼ ਕੀਤੇ ਫੰਡਾਂ ਦਾ ਵੇਰਵਾ(@ 6000 ਪ੍ਰਤੀ ਬੱਚਾ) | |
| 1 | ਅੰਮ੍ਰਿਤਸਰ | 543 | 1390 | 142 | 142 | 8340000 | 32 |
| 2 | ਬਰਨਾਲਾ | 20 | 140 | 14 | 14 | 840000 | 32 |
| 3 | ਬਠਿੰਡਾ | 87 | 893 | 89 | 89 | 5358000 | 38 |
| 4 | ਫਰੀਦਕੋਟ | 54 | 453 | 45 | 45 | 2718000 | 17 |
| 5 | ਫਹਿਤਗੜ੍ਹ ਸਾਹਿਬ | 61 | 356 | 36 | 36 | 2136000 | 0 |
| 6 | ਫਾਜ਼ਿਲਕਾ | 48 | 356 | 36 | 36 | 2136000 | 23 |
| 7 | ਫਿਰੋਜ਼ਪੁਰ | 75 | 113 | 11 | 11 | 678000 | 18 |
| 8 | ਗੁਰਦਾਸਪੁਰ | 57 | 245 | 25 | 25 | 1470000 | 23 |
| 9 | ਹੁਸ਼ਿਆਰਪੁਰ | 119 | 581 | 58 | 58 | 3486000 | 0 |
| 10 | ਜਲੰਧਰ | 178 | 1120 | 112 | 112 | 6720000 | 70 |
| 11 | ਕਪੂਰਥਲਾ | 49 | 96 | 10 | 10 | 576000 | 10 |
| 12 | ਲੁਧਿਆਣਾ | 400 | 1850 | 185 | 185 | 11100000 | 34 |
| 13 | ਮਾਨਸਾ | 89 | 604 | 60 | 60 | 3624000 | 4 |
| 14 | ਮੋਗਾ | 120 | 265 | 27 | 27 | 1590000 | 23 |
| 15 | ਮੋਹਾਲੀ | 200 | 1020 | 102 | 102 | 6120000 | 59 |
| 16 | ਮੁਕਤਸਰ | 76 | 1349 | 135 | 135 | 8094000 | 112 |
| 17 | ਨਵਾਂ ਸ਼ਹਿਰ | 36 | 145 | 15 | 15 | 870000 | 1 |
| 18 | ਪਠਾਨਕੋਟ | 9 | 51 | 5 | 5 | 306000 | 1 |
| 19 | ਪਟਿਆਲਾ | 104 | 961 | 96 | 96 | 5766000 | 52 |
| 20 | ਰੂਪਨਗਰ | 39 | 361 | 36 | 36 | 2166000 | 9 |
| 21 | ਸੰਗਰੂਰ | 120 | 657 | 66 | 66 | 3942000 | 83 |
| 22 | ਤਰਨਤਾਰਨ | 100 | 952 | 95 | 95 | 5712000 | 55 |
| ਕੁੱਲ | | **2584** | **13958** | **1400** | **1400** | **83748000** | **696** |